# ਜੇਕਰ ਤੁਸੀਂ NYC ਦੇ ਵੇਤਨਭੋਗੀ ਕਰਮੀ ਹੋ, ਤਾਂ ਤੁਹਾਡੇ ਕੋਲ ਹੁਣ ਕੰਮ ਦੀ ਥਾਂ ਬਾਰੇ ਸਵਾਲ ਅਤੇ ਸ਼ਿਕਾਇਤਾਂ ਲਈ ਸਮਰਪਿਤ ਸ਼ਹਿਰੀ ਵਸੀਲੇ ਮੌਜੂਦ ਹਨ: Department of Consumer Affairs (DCA) (ਗਾਹਕ ਮਾਮਲਿਆਂ ਸਬੰਧੀ ਵਿਭਾਗ) ਦੀ ਲੇਬਰ ਨੀਤੀ ਅਤੇ ਮਿਆਰਾਂ (Office of Labor Policy & Standards) ਬਾਰੇ ਦਫਤਰ ਦੇ ਅੰਦਰ ਪੇਅਡ ਕੇਅਰ ਵਿਭਾਗ (Paid Care Division)।

ਵੇਤਨਭੋਗੀ ਦੇਖਭਾਲ ਕਰਮੀਆਂ ਵਿੱਚ ਘਰ ਦੀ ਦੇਖਭਾਲ ਕਰਨ ਵਾਲੇ ਅਤੇ ਘਰੇਲੂ ਕਰਮੀ ਸ਼ਾਮਲ ਹੁੰਦੇ ਹਨ ਜਿਵੇਂ ਸਿਹਤ ਸਬੰਧੀ ਘਰੇਲੂ ਮਦਦ ਪ੍ਰਦਾਨ ਕਰਨ ਵਾਲੇ, ਨਿੱਜੀ ਦੇਖਭਾਲ ਵਿੱਚ ਮਦਦ ਕਰਨ ਵਾਲੇ, ਘਰੇਲੂ ਨੌਕਰ, ਨੈਨੀ, ਸੰਭਾਲਕਰਤਾ, ਅਤੇ ਘਰ ਦੀ ਸਫਾਈ ਕਰਨ ਵਾਲੇ।

DCA ਨੇ ਇਹ ਸੰਖੇਪ ਜਾਣਕਾਰੀ ਤੁਹਾਨੂੰ ਮਹੱਤਵਪੂਰਨ ਅਧਿਕਾਰਾਂ ਅਤੇ ਵਸੀਲਿਆਂ ਬਾਰੇ ਦੱਸਣ ਵਿੱਚ ਮਦਦ ਕਰਨ ਲਈ ਬਣਾਈ ਹੈ।

ਵਧੇਰੇ ਜਾਣਕਾਰੀ ਲਈ, **311** ‘ਤੇ ਕਾਲ ਕਰੇ ਅਤੇ “Paid Care”(ਪੇਅਡ ਕੇਅਰ) ਦੀ ਮੰਗ ਕਰੋ ਜਾਂ **nyc.gov/dca** ’ਤੇ ਜਾਓ

## ਤੁਹਾਡੇ ਅਧਿਕਾਰ

**ਭਾਵੇਂ ਤੁਹਾਡੀ ਆਵਾਸ ਸਥਿਤੀ ਕੋਈ ਵੀ ਕਿਉਂ ਨਾ ਹੋਵੇ, ਤੁਹਾਡੇ ਕੋਲ ਅਧਿਕਾਰ ਹੁੰਦੇ ਹਨ।**

### ਘੱਟੋ-ਘੱਟ ਤਨਖ਼ਾਹ



ਜੇਕਰ ਤੁਸੀਂ ਇੱਕ ਨਿੱਜੀ ਪਰਿਵਾਰ ਜਾਂ ਵਿਅਕਤੀ ਲਈ ਕੰਮ ਕਰਦੇ ਹੋ, ਜਾਂ ਜੇਕਰ ਤੁਹਾਡੇ ਰੋਜ਼ਗਾਰਦਾਤਾ ਕੋਲ 10 ਜਾਂ ਇਸ ਤੋਂ ਘੱਟ ਕਰਮਚਾਰੀ ਹਨ, ਤਾਂ ਘੱਟੋ-ਘੱਟ ਤਨਖ਼ਾਹ $10.50 ਪ੍ਰਤੀ ਘੰਟਾ ਹੈ।

ਜੇਕਰ ਘਰੇਲੂ ਦੇਖਭਾਲ ਏਜੰਸੀ ਸਮੇਤ ਤੁਹਾਡੇ ਰੋਜ਼ਗਾਰਦਾਤਾ ਕੋਲ 11 ਜਾਂ ਉਸ ਤੋਂ ਵੱਧ ਕਰਮਚਾਰੀ ਹਨ, ਤਾਂ ਘੱਟੋ-ਘੱਟ ਤਨਖ਼ਾਹ $11.00 ਪ੍ਰਤੀ ਘੰਟਾ ਹੈ।

ਤੁਹਾਡਾ ਰੋਜ਼ਗਾਰਦਾਤਾ ਘੱਟੋ-ਘੱਟ ਲੋੜੀਂਦੀ ਤਨਖਾਹ ਤੋਂ ਵੱਧ ਤਨਖਾਹ ਦੇ ਸਕਦਾ ਹੈ।

*ਵਧੇਰੇ ਜਾਣਕਾਰੀ ਲਈ ਜਾਂ ਤਨਖਾਹ ਨਾਲ ਸਬੰਧਤ ਸ਼ਿਕਾਇਤ ਦਾਇਰ ਕਰਨ ਲਈ, ਨਿਊ ਯਾਰਕ ਸਟੇਟ ਦੇ ਲੇਬਰ ਵਿਭਾਗ (New York State Department of Labor) ਦੀ ਵੈੱਬਸਾਈਟ labor.ny.gov 'ਤੇ ਜਾਓ ਜਾਂ 1-888-4-NYSDOL (1-888-469-7365) 'ਤੇ ਕਾਲ ਕਰੋ।*

*ਕੀ ਤੁਸੀਂ ਇੱਕ ਮੈਡੀਕੇਡ (Medicaid)ਪ੍ਰਾਪਤਕਰਤਾ ਨੂੰ ਘਰੇਲੂ ਦੇਖਭਾਲ ਸੇਵਾ ਮੁਹੱਈਆ ਕਰਾਉਣ ਵਾਲੇ ਇੱਕ ਕਰਮਚਾਰੀ ਹੋ? ਜੇਕਰ ਅਜਿਹਾ ਹੈ, ਤਾਂ ਤੁਸੀਂ ਨਿਊ ਯਾਰਕ ਰਾਜ ਦੇ ਸਮਾਨ ਤਨਖ਼ਾਹ ਦੇ ਕਾਨੂੰਨ ਤਹਿਤ ਕਵਰ ਹੋ ਸਕਦੇ ਹੋ। ਵਧੇਰੇ ਜਾਣਕਾਰੀ ਲਈ, 311 ‘ਤੇ ਕਾਲ ਕਰੋ ਅਤੇ “Paid Care” ਦੀ ਮੰਗ ਕਰੋ।*

### ਕੰਮ ਕੀਤੇ ਗਏ ਘੰਟਿਆਂ ਲਈ ਤਨਖਾਹ



ਤੁਹਾਨੂੰ, ਤੁਹਾਡੀ ਤੈਅ ਸ਼ਿਫਟ ਤੋਂ ਪਹਿਲਾਂ ਅਤੇ/ਜਾਂ ਬਾਅਦ ਵਿੱਚ ਕੀਤੇ ਗਏ ਕੰਮ ਸਮੇਤ ਤੁਹਾਡੇ ਦੁਆਰਾ ਲਗਾਏ ਗਏ ਕੰਮ ਦੇ ਹਰੇਕ ਘੰਟੇ ਲਈ ਭੁਗਤਾਨ ਕੀਤਾ ਜਾਣਾ ਜ਼ਰੂਰੀ ਹੈ ਅਤੇ ਇਸ ਵਿੱਚ ਕੰਮ ਦੇ ਸਮੇਂ ਦੌਰਾਨ ਯਾਤਰਾ ਕਰਨ ਵਿੱਚ ਲਗਾਇਆ ਗਿਆ ਸਮਾਂ ਵੀ ਸ਼ਾਮਲ ਹੈ। *ਵਧੇਰੇ ਜਾਣਕਾਰੀ ਲਈ, 311 ‘ਤੇ ਕਾਲ ਕਰੋ ਅਤੇ “Paid Care” ਦੀ ਮੰਗ ਕਰੋ ਜਾਂ nyc.gov/dca 'ਤੇ ਜਾਓ।*

### ਓਵਰਟਾਈਮ



ਜੇਕਰ ਤੁਸੀਂ ਇੱਕ ਹਫਤੇ ਵਿੱਚ 40 ਤੋਂ ਵੱਧ ਘੰਟਿਆਂ ਲਈ ਕੰਮ ਕਰਦੇ ਹੋ, ਤਾਂ ਤੁਹਾਡੇ ਰੋਜ਼ਗਾਰਦਾਤਾ ਨੂੰ ਤੁਹਾਨੂੰ ਓਵਰਟਾਈਮ ਲਈ ਤੁਹਾਡੀ ਨੇਮੀ ਭੁਗਤਾਨ ਦਰ ਤੋਂ ਘੱਟੋ-ਘੱਟ 1.5 ਗੁਣਾ ਵੱਧ ਦਾ ਭੁਗਤਾਨ ਕਰਨਾ ਜ਼ਰੂਰੀ ਹੈ।

ਜੇਕਰ ਤੁਸੀਂ ਅਜਿਹੇ ਘਰੇਲੂ ਕਰਮੀ ਹੋ ਜੋ ਆਪਣੇ ਰੋਜ਼ਗਾਰਦਾਤਾ ਦੇ ਘਰ ਵਿੱਚ ਰਹਿੰਦੇ ਹੋ, ਤਾਂ ਤੁਹਾਡੇ ਰੋਜ਼ਗਾਰਦਾਤਾ ਨੂੰ ਤੁਹਾਡੇ ਵੱਲੋਂ ਇੱਕ ਹਫਤੇ ਵਿੱਚ 44 ਘੰਟੇ ਪੂਰੇ ਹੋਣ ‘ਤੇ ਤੁਹਾਨੂੰ ਓਵਰਟਾਈਮ ਦਾ ਭੁਗਤਾਨ ਕਰਨਾ ਜ਼ਰੂਰੀ ਹੈ।

### ਬਿਮਾਰੀ ਦੀ ਭੁਗਤਾਨਯੋਗ ਛੁੱਟੀ



ਜੇਕਰ ਤੁਸੀਂ NYC ਵਿੱਚ ਇੱਕ ਸਾਲ ਵਿੱਚ 80 ਤੋਂ ਵੱਧ ਘੰਟਿਆਂ ਲਈ ਕੰਮ ਕਰਦੇ ਹੋ, ਤਾਂ ਤੁਸੀਂ ਆਪਣੇ ਖੁਦ ਲਈ, ਆਪਣੇ ਬੱਚੇ ਜਾਂ ਪਰਿਵਾਰਕ ਮੈਂਬਰਾਂ ਦੀ ਦੇਖਭਾਲ ਲਈ ਇੱਕ ਸਾਲ ਵਿੱਚ ਬਿਮਾਰੀ ਦੀ ਛੁੱਟੀ ਦੇ 40 ਘੰਟੇ ਤੱਕ ਕਮਾ ਸਕਦੇ ਹੋ। ਜੇਕਰ ਤੁਸੀਂ ਘਰੇਲੂ ਕਰਮੀ ਹੋ, ਤਾਂ ਰੋਜ਼ਗਾਰ ਦੇ ਇੱਕ ਸਾਲ ਬਾਅਦ, ਤੁਹਾਡੇ ਘਰੇਲੂ ਰੋਜ਼ਗਾਰਦਾਤਾ ਨੂੰ ਨਿਊ ਯਾਰਕ ਸਟੇਟ ਲੇਬਰ ਕਾਨੂੰਨ (New York State Labor Law) ਦੇ ਤਹਿਤ ਤੁਹਾਨੂੰ, ਆਰਾਮ ਕਰਨ ਲਈ 3 ਭੁਗਤਾਨਯੋਗ ਦਿਨਾਂ ਤੋਂ ਇਲਾਵਾ ਦੋ ਦਿਨ ਦੀ ਬਿਮਾਰੀ ਦੀ ਛੁੱਟੀ ਦੇਣੀ ਜ਼ਰੂਰੀ ਹੈ। ਰੋਜ਼ਗਾਰਦਾਤਾ ਦੁਆਰਾ ਤੁਹਾਡੇ ਬਿਮਾਰੀ ਦੀ ਛੁੱਟੀ ਲਈ ਬੇਨਤੀ ਕਰਨ ਜਾਂ ਇਸਨੂੰ ਵਰਤਣ ਲਈ ਬਦਲਾ ਲੈਣਾ ਗੈਰ-ਕਾਨੂੰਨੀ ਹੋਵੇਗਾ। *ਵਧੇਰੇ ਜਾਣਕਾਰੀ ਲਈ ਜਾਂ ਸ਼ਿਕਾਇਤ ਦਾਇਰ ਕਰਨ ਲਈ, nyc.gov/PaidSickLeave ‘ਤੇ ਜਾਓ ਜਾਂ 311 ‘ਤੇ ਕਾਲ ਕਰੋ।*

### ਵਿਤਕਰੇ ਤੋਂ ਮੁਕਤ ਕੰਮ ਦੀ ਥਾਂ



NYC ਮਨੁੱਖੀ ਅਧਿਕਾਰ ਕਾਨੂੰਨ (NYC Human Rights Law) ਉਹਨਾਂ ਰੋਜ਼ਗਾਰਦਾਤਾਵਾਂ ਲਈ ਲਾਗੂ ਹੁੰਦੇ ਹਨ ਜਿਹਨਾਂ ਕੋਲ ਚਾਰ ਜਾਂ ਵੱਧ ਕਰਮਚਾਰੀ ਹੋਣ। ਇਹ ਕਈ ਰਾਖਵੇਂ ਵਰਗਾਂ ਨੂੰ ਕਵਰ ਕਰਦਾ ਹੈ ਜਿਹਨਾਂ ਵਿੱਚ ਰਾਸ਼ਟਰੀ ਮੂਲ, ਜਾਤ, ਧਰਮ/ਸੰਪਰਦਾਇ, ਲਿੰਗ ਜਾਂ ਲਿੰਗੀ ਪਛਾਣ ਸ਼ਾਮਲ ਹਨ, ਅਤੇ ਇਹ ਕਿਸੇ ਫੈਸਲਿਆਂ ਵਿਚਲੇ ਅਜਿਹੇ ਵਿਤਕਰੇ ‘ਤੇ ਰੋਕ ਲਗਾਉਂਦਾ ਹੈ ਜੋ ਰੋਜ਼ਗਾਰ ਦੇ ਨਿਯਮਾਂ ਅਤੇ ਸ਼ਰਤਾਂ ਨੂੰ ਪ੍ਰਭਾਵਿਤ ਕਰਦਾ ਹੋਏ। *ਜੇਕਰ ਤੁਹਾਡੇ ਨਾਲ ਭੇਦਭਾਵ ਹੋਇਆ ਹੈ ਜਾਂ ਤੁਸੀਂ ਅਜਿਹਾ ਹੁੰਦੇ ਦੇਖਿਆ ਹੈ, ਤਾਂ NYC ਆਯੋਗ ਦੀ ਮਨੁੱਖੀ ਅਧਿਕਾਰ ਇੰਫੋਲਾਈਨ (NYC Commission on Human Rights Infoline) ਨੂੰ 311 ‘ਤੇ ਕਾਲ ਕਰੋ।*

ਇਸ ਤੋਂ ਇਲਾਵਾ ਨਿਊ ਯਾਰਕ ਰਾਜ ਦਾ ਮਨੁੱਖੀ ਅਧਿਕਾਰਾਂ ਦਾ ਕਾਨੂੰਨ (New York State Human Rights Law) ਘਰੇਲੂ ਕਰਮਚਾਰੀਆਂ ਦੇ ਰੋਜ਼ਗਾਰਦਾਤਾ ਦੇ ਅਹੁਦੇ ਦੀ ਪਰਵਾਹ ਕੀਤੇ ਬਿਨ੍ਹਾਂ ਉਹਨਾਂ ਦੀ ਲਿੰਗੀ ਛੇੜਛਾੜ ਅਤੇ ਜਾਤ, ਧਰਮ ਜਾਂ ਕੌਮੀ ਮੂਲ ਦੇ ਆਧਾਰ ‘ਤੇ ਉਤਪੀੜਨ ਤੋਂ ਰੱਖਿਆ ਕਰਦਾ ਹੈ। *1-888-392-3644 ‘ਤੇ ਮਨੁੱਖੀ ਅਧਿਕਾਰਾਂ ਦੇ ਵਿਭਾਗ ਨਾਲ ਸੰਪਰਕ ਕਰੋ।*

### ਨੌਕਰੀ ਲੱਭਣ ਵਾਲਿਆਂ ਲਈ ਸੁਰੱਖਿਆ



DCA ਰੋਜ਼ਗਾਰ ਦੀਆਂ ਉਹਨਾਂ ਏਜੰਸੀਆਂ ਨੂੰ ਲਾਇਸੰਸ ਪ੍ਰਦਾਨ ਕਰਦਾ ਹੈ ਜਿਹਨਾਂ ਨੂੰ ਫੀਸ ਅਤੇ ਰੀਫੰਡ, ਇਕਰਾਰ ਅਤੇ ਰਸੀਦ ਅਤੇ ਹੋਰ ਕਈ ਚੀਜ਼ਾਂ ਦੀ ਪਾਲਣਾ ਜ਼ਰੂਰ ਕਰਨੀ ਚਾਹੀਦੀ ਹੈ। *ਕਿਸੇ ਰੋਜ਼ਗਾਰ ਏਜੰਸੀ ਬਾਰੇ ਸ਼ਿਕਾਇਤ ਦਾਇਰ ਕਰਨ ਲਈ nyc.gov/dca ‘ਤੇ ਅਧਿਕਾਰਾਂ ਦੇ ਨੌਕਰੀ ਲੱਭਣ ਵਾਲਿਆਂ ਦਾ ਬਿੱਲ ਦੇਖੋ ਜਾਂ 311 ‘ਤੇ ਸੰਪਰਕ ਕਰੋ।*

### ਸੁਰੱਖਿਅਤ ਅਤੇ ਸਿਹਤਮੰਦ ਕੰਮ ਦੀ ਥਾਂ



ਤੁਹਾਡੀ ਕੰਮ ਦੀ ਥਾਂ ਸਿਹਤ ਲਈ ਅਤੇ ਸੁਰੱਖਿਆ ਸਬੰਧੀ ਜਾਣੇ-ਪਛਾਣੇ ਖਤਰਿਆਂ ਤੋਂ ਮੁਕਤ ਹੋਣੀ ਜ਼ਰੂਰੀ ਹੈ। ਤੁਹਾਡੇ ਕੋਲ ਕੰਮ ਦੇ ਖਤਰਿਆਂ ਬਾਰੇ ਜਾਣਕਾਰੀ ਅਤੇ ਸਿਖਲਾਈ ਪ੍ਰਾਪਤ ਕਰਨ ਦਾ ਵੀ ਅਧਿਕਾਰ ਹੈ। *OSHA.gov ‘ਤੇ ਜਾਓ ਜਾਂ 1-800-321-OSHA (1-800-321-6742) ‘ਤੇ ਕਾਲ ਕਰੋ।*

ਜੇਕਰ ਕੰਮ ਕਰਨ ਵੇਲੇ ਤੁਹਾਨੂੰ ਕੋਈ ਸੱਟ ਲੱਗ ਜਾਂਦੀ ਹੈ ਤਾਂ ਤੁਸੀਂ ਆਪਣੀ ਤਨਖਾਹ ਅਤੇ ਮੈਡੀਕਲ ਇਲਾਜ ਦੇ ਕੁਝ ਹਿੱਸੇ ਨੂੰ ਕਵਰ ਕਰਨ ਲਈ ਮੁਆਵਜ਼ਾ ਲੈਣ ਦੇ ਯੋਗ ਹੁੰਦੇ ਹੋ, ਭਾਵੇਂ ਕਿਸੇ ਦਾ ਵੀ ਦੋਸ਼ ਕਿਉਂ ਨਾ ਹੋਵੇ। *ਵਧੇਰੇ ਜਾਣਕਾਰੀ ਲਈ wcb.ny.gov ‘ਤੇ ਜਾਓ ਜਾਂ 1-877-632-4996 ‘ਤੇ ਕਾਲ ਕਰੋ।*

# ਭੁਗਤਾਨਯੋਗ ਦੇਖਭਾਲ ਵਿਭਾਗ

## ਭੁਗਤਾਨਯੋਗ ਦੇਖਭਾਲ ਕਰਮਚਾਰੀਆਂ ਦੇ ਅਧਿਕਾਰਾਂ ਦੀ ਰੱਖਿਆ ਕਰਨ, ਭੁਗਤਾਨਯੋਗ ਦੇਖਭਾਲ ਨੌਕਰੀਆਂ ਦੀ ਗੁਣਵੱਤਾ ਵਿੱਚ ਸੁਧਾਰ ਅਤੇ ਭੁਗਤਾਨਯੋਗ ਦੇਖਭਾਲ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਸਮਰਪਿਤ ਹੈ।

ਅਸੀਂ NYC ਵਿੱਚ ਭੁਗਤਾਨਯੋਗ ਦੇਖਭਾਲ ਕਰਮਚਾਰੀਆਂ ਦਾ ਇਹਨਾਂ ਰਾਹੀਂ ਸਮਰਥਨ ਕਰਦੇ ਹਾਂ:

- ਕਰਮਚਾਰੀਆਂ ਨੂੰ ਉਹਨਾਂ ਦੇ ਅਧਿਕਾਰਾਂ ਬਾਰੇ, ਅਤੇ ਸ਼ਹਿਰੀ ਵਸੀਲਿਆਂ ਦੀ ਉਪਲਬਧਤਾ ਬਾਰੇ ਸੂਚਿਤ ਕਰਨ ਲਈ **ਜਨਤਕ ਪਹੁੰਚ ਅਤੇ ਸਿੱਖਿਆ।**
- ਸਥਾਨਕ, ਰਾਜ ਅਤੇ ਸੰਘੀ ਪੱਧਰ 'ਤੇ ਕੰਮ ਦੇ ਸਥਾਨ 'ਤੇ ਹਸਿਆ ਨੂੰ ਨਜਿੱਠਣ ਲਈ **ਲਾਗੂਕਰਨ ਅਤੇ ਸ਼ਿਕਾਇਤ ਪ੍ਰਾਪਤੀ ਅਤੇ ਰੈਫਰਲ।**
- ਕਰਮਚਾਰੀ ਜਨਅੰਕੜੇ, ਕੰਮ ਦੀਆਂ ਸਥਤਿੀਆਂ, ਅਤੇ ਉਦਯੋਗ ਮਿਆਰ, ਰੋਜ਼ਗਾਰਦਾਤਾ ਦੁਆਰਾ ਕੰਮ ਦੇ ਸਥਾਨ ਦੇ ਕਾਨੂੰਨਾਂ ਦੀ ਪਾਲਣਾ, ਅਤੇ ਕਰਮਚਾਰੀਆਂ ਦੇ ਸਹਕਿਾਰੀਆਂ 'ਤੇ **ਖੋਜ ਅਤੇ ਨੀਤੀ ਵਕਿਾਸ।**

NYC Consumer Affairs

*The NYC Department of Consumer Affairs (DCA) ਸੰਪੰਨ ਭਾਈਚਾਰੇ ਦੀ ਸਿਰਜਨਾ ਲਈ ਨਿਊ ਯਾਰਕ ਦੇ ਲੋਕਾਂ ਦੇ ਰੋਜ਼ਾਨਾ ਦੇ ਆਰਥਕ ਜੀਵਨ ਦੀ ਰੱਖਿਆ ਅਤੇ ਸੁਧਾਰ ਕਰਦਾ ਹੈ। ਲੇਬਰ ਨੀਤੀ ਅਤੇ ਮਿਆਰਾਂ ਬਾਰੇ ਦਫਤਰ (Office of Labor Policy & Standards) ਦੇ ਕੰਮਕਾਰ ਰਾਹੀਂ, DCA ਕਰਮਚਾਰੀਆਂ ਦੇ ਪਰਿਵਾਰਾਂ ਨੂੰ ਵਿੱਤੀ ਸਿਹਤ ਅਤੇ ਰੋਜ਼ਗਾਰ ਅਤੇ ਜੀਵਨ ਵਿੱਚ ਸੰਤੁਲਨ ਪ੍ਰਾਪਤ ਕਰਨ ਲਈ ਉਹਨਾਂ ਲਈ ਲੋੜੀਂਦੇ ਸਾਧਨ ਅਤੇ ਵਸੀਲੇ ਮੁਹੱਈਆ ਕਰਵਾ ਕੇ ਉਹਨਾਂ ਨੂੰ ਕਾਬਲ ਬਣਾਉਂਦਾ ਹੈ।*

Printed on 30% post consumer recycled paper

04/2017




### ਆਵਾਸ ਸਬੰਧੀ ਸਹਾਇਤਾ

ActionNYC ਤੁਹਾਨੂੰ ਤੁਹਾਡੇ ਸਮਾਜ ਵਿੱਚ ਤੁਹਾਡੀ ਭਾਸ਼ਾ ਵਿੱਚ ਸੁਰੱਖਿਅਤ, ਮੁਫਤ ਆਵਾਸ ਕਾਨੂੰਨੀ ਸਕਰੀਨਿੰਗਾਂ ਪ੍ਰਦਾਨ ਕਰਦਾ ਹੈ। *nyc.gov/actionnyc 'ਤੇ ਜਾਓ ਜਾਂ 311 'ਤੇ ਕਾਲ ਕਰੋ ਅਤੇ ਕਹੋ "ActionNYC."*

### ਅੰਗ੍ਰੇਜ਼ੀ ਦੀਆਂ ਕਲਾਸਾਂ

NYC ਵਿਭਾਗ ਦਾ ਯੂਥ ਅਤੇ ਸਾਮੂਦਾਇਕ ਵਿਕਾਸ ਦੇ ਅੰਗ੍ਰੇਜ਼ੀ ਭਾਸ਼ਾ ਪ੍ਰੋਗਰਾਮ (NYC Department of Youth and Community Development's English Language Program) ਨਿਊ ਯਾਰਕ ਵਿੱਚ ਨਵੇਂ ਆਏ ਲੋਕਾਂ ਨੂੰ ਅੰਗ੍ਰੇਜ਼ੀ ਸਿਖਾਉਣ ਲਈ ਬਣਾਇਆ ਗਿਆ ਹੈ। *ਵਧੇਰੇ ਜਾਣਕਾਰੀ ਲਈ nyc.gov/dycd 'ਤੇ ਜਾਓ।*

### ਘੱਟ ਲਾਗਤ ਵਾਲਾ ਸਿਹਤ ਬੀਮਾ

NYC ਮਨੁੱਖੀ ਸਰੋਤ ਪ੍ਰਬੰਧਨ (NYC Human Resources Administration) ਤੁਹਾਨੂੰ ਤੁਹਾਡੀਆਂ ਲੋੜਾਂ ਅਤੇ ਬਜਟ ਮੁਤਾਬਕ ਸਿਹਤ ਬੀਮੇ ਅਤੇ ਦੇਖਭਾਲ ਖੋਜਣ ਵਿੱਚ ਮਦਦ ਕਰਦਾ ਹੈ। *ਮੁਫਤ ਵਿਅਕਤੀਗਤ ਮਦਦ ਲੈਣ ਲਈ ਸਿਹਤ ਵਿਭਾਗ ਦੁਆਰਾ ਪ੍ਰਮਾਣਿਤ ਐਪਲੀਕੇਸ਼ਨ ਸਲਾਹਕਾਰ ਖੋਜਣ ਲਈ 311 'ਤੇ ਕਾਲ ਕਰੋ, nyc.gov/health 'ਤੇ ਜਾਓ, ਜਾਂ NY ਰਾਜ ਦੀ ਸਿਹਤ ਵੈੱਬਸਾਈਟ nystateofhealth.ny.gov 'ਤੇ ਜਾਓ।*

### ਜਨਤਕ ਲਾਭ

ACCESS NYC ਇੱਕ ਮੁਫਤ ਸੇਵਾ ਹੈ ਜੋ ਤੁਹਾਨੂੰ ਇਹ ਜਾਣਨ ਵਿੱਚ ਮਦਦ ਕਰਦੀ ਹੈ ਕਿ ਤੁਸੀਂ 30 ਤੋਂ ਵੱਧ ਸ਼ਹਿਰੀ, ਰਾਜ, ਅਤੇ ਸੰਘੀ ਲਾਭਕਾਰੀ ਪ੍ਰੋਗਰਾਮਾਂ ਦੇ ਯੋਗ ਹੋ ਜਾਂ ਨਹੀਂ। ACCESS NYC ਰਾਹੀਂ ਤੁਸੀਂ ਕੁਝ ਪ੍ਰੋਗਰਾਮਾਂ ਲਈ ਆੱਨਲਾਈਨ ਅਰਜ਼ੀ ਦੇ ਸਕਦੇ ਹੋ। *ACCESS NYC ਬਾਰੇ ਜਾਣਕਾਰੀ ਲਈ nyc.gov/accessnyc 'ਤੇ ਜਾਓ ਜਾਂ 311 'ਤੇ ਸੰਪਰਕ ਕਰੋ।*

### ਮੁਫਤ ਆਰਥਕ ਸਲਾਹ

NYC ਆਰਥਕ ਸਸ਼ਕਤੀਕਰਨ ਕੇਂਦਰ (NYC Financial Empowerment Centers) ਆਹਮਣੇ-ਸਾਹਮਣੇ ਦੀ ਵਿਅਕਤੀਗਤ ਸਲਾਹ ਪੇਸ਼ ਕਰਦੇ ਹਨ। ਇਹ ਸੇਵਾ ਗੁਪਤ ਹੁੰਦੀ ਹੈ ਅਤੇ ਸਾਡੇ ਪੇਸ਼ੇਵਰ ਸਲਾਹਕਾਰ ਕਈ ਭਾਸ਼ਾਵਾਂ ਬੋਲਦੇ ਹਨ। *ਇੱਕ ਮੁਲਾਕਾਤ ਤੈਅ ਕਰਨ ਲਈ 311 'ਤੇ ਕਾਲ ਕਰੋ ਜਾਂ nyc.gov/dca 'ਤੇ ਜਾਓ*

### ਟੈਕਸ ਦੀ ਮੁਫਤ ਤਿਆਰੀ

ਤੁਸੀਂ NYC ਟੈਕਸ ਦੀ ਮੁਫਤ ਤਿਆਰੀ ਦੀਆਂ ਸੇਵਾਵਾਂ ਦੇ ਯੋਗ ਹੋ ਸਕਦੇ ਹੋ, ਜਿਸ ਵਿੱਚ ਆੱਨਲਾਈਨ ਫਾਇਲਿੰਗ ਅਤੇ IRS ਦੁਆਰਾ ਪ੍ਰਮਾਣਿਤ VITA/TCE ਸਵੈਸੇਵਕ ਤਿਆਰ ਕਰਤਾ ਦੀ ਮਦਦ ਨਾਲ ਵਿਅਕਤੀਗਤ ਤੌਰ 'ਤੇ ਫਾਇਲਿੰਗ ਕਰਨਾ ਸ਼ਾਮਲ ਹੈ। *ਵਧੇਰੇ ਜਾਣਕਾਰੀ ਲਈ 311 'ਤੇ ਕਾਲ ਕਰੋ ਜਾਂ nyc.gov/taxprep 'ਤੇ ਜਾਓ।*

### ਸਿੱਖਿਆ ਅਤੇ ਸਿਖਲਾਈ ਸਬੰਧੀ ਪ੍ਰੋਗਰਾਮ

ਸ਼ਹਿਰ ਰੋਜ਼ਗਾਰ ਲੱਭਣ ਵਾਲੇ ਲੋਕਾਂ ਨੂੰ ਮੁਫਤ ਸਹਾਇਤਾ ਦੀ ਪੇਸ਼ਕਸ਼ ਕਰਦਾ ਹੈ। *ਇੱਕ Workforce1 Career Center (ਕਾਰਜਬਲ 1 ਕੈਰੀਅਰ ਕੇਂਦਰ) ਖੋਜਣ ਲਈ nyc.gov/workforce1 'ਤੇ ਜਾਓ ਜਾਂ 311 'ਤੇ ਕਾਲ ਕਰੋ।*

# NYC ਦੇਖਭਾਲ ਕਰਮੀਆਂ ਦਾ ਖਿਆਲ ਰੱਖਦਾ ਹੈ

## ਅਧਿਕਾਰਾਂ ਅਤੇ ਵਸੀਲਿਆਂ ਦੀ ਸੰਖੇਪ ਜਾਣਕਾਰੀ

ਪੰਜਾਬੀ ਦੇ | Punjabi

NYC Office of the Mayor

Consumer Affairs

Lorelei Salas
Commissioner